ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 13 ਮਈ, 2001

ਵਿਚਾਰ-ਚਰਚਾ ■ ਗੁਰਸ਼ਰਨ ਸਿੰਘ

ਜੀਣ ਦੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰੋ

ਪੰਜਾਬ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਇਕ ਪਿਛਾਕੜ ਦ੍ਰਿਸ਼ ਜੋ ਦੇਖਣ ਨੂੰ ਮਿਲਦਾ ਹੈ, ਉਹ 12500 ਪਿੰਡਾਂ ਦੇ ਬਾਹਰ ਮਜ਼ਦੂਰਾਂ ਦੇ ਵਿਹੜੇ ਅਤੇ 95 ਕਸਬਿਆਂ ਅਤੇ ਸ਼ਹਿਰਾਂ ਦੇ ਬਾਹਰਵਾਰ ਮਜ਼ਦੂਰ ਬਸਤੀਆਂ ਹਨ। ਨੰਗੇ-ਧੜੰਗੇ ਬੱਚੇ ਰੂੜੀਆਂ ਦੇ ਢੇਰਾਂ 'ਤੇ, ਗੰਦੇ ਨਾਲਿਆਂ ਦੇ ਕੰਢਿਆਂ 'ਤੇ ਖੇਡਦੇ ਦਿੱਸਦੇ ਹਨ। ਜੀਣ ਦੀ ਕੋਈ ਆਧੁਨਿਕ ਸਹੂਲਤ ਇਨ੍ਹਾਂ ਨੂੰ ਮੁਹੱਈਆ ਨਹੀਂ। ਕੋਈ ਅਹਿਸਾਸ ਨਾ ਕਰੇ ਤਾਂ ਵੱਖਰੀ ਗੱਲ ਹੈ, ਪਰ ਸਮੁੱਚੇ ਭਾਈਚਾਰੇ ਲਈ ਇਹ ਬੜੀ ਹੀ ਸ਼ਰਮਨਾਕ ਗੱਲ ਹੈ। ਮਨੁੱਖ ਜਦੋਂ ਚੰਨ 'ਤੇ ਪੁੱਜ ਗਿਆ ਹੈ, ਦੇਸ਼ ਵਿਚ ਜਾਂ ਪੰਜਾਬ ਵਿਚ ਵੀ ਐਟਮੀ ਬਿਜਲੀ ਘਰ ਬਣਨ ਦੀਆਂ ਤਜਵੀਜ਼ਾਂ ਹੋਣ ਤਾਂ ਮਜ਼ਦੂਰ ਇਸ ਨਰਕੀ ਹਾਲਤ ਵਿਚ ਜੀਂਦੇ ਹੋਣ, ਇਹ ਬਰਦਾਸ਼ਤ ਤੋਂ ਬਾਹਰ ਦੀ ਗੱਲ ਹੈ।

ਪੰਜਾਬ ਦੇ ਰਾਜਸੀ ਵੀ, ਸਭਿਆਚਾਰ ਵੀ ਅਤੇ ਸਮਾਜਿਕ ਕਾਰਜ ਖੇਤਰ ਦੀ ਇਕ ਵੱਡੀ ਖ਼ਬਰ ਹੈ ਕਿ 25 ਮਈ ਦੇਸ਼ ਭਗਤ ਹਾਲ ਜਲੰਧਰ ਵਿਖੇ ਪੰਜਾਬ ਦੇ ਖੇਤ ਮਜ਼ਦੂਰਾਂ ਦੀਆਂ ਸਾਰੀਆਂ ਅਵਾਮੀ ਜਥੇਬੰਦੀਆਂ ਦੀ ਇਕ ਸਾਂਝੀ ਕਨਵੈਨਸ਼ਨ ਹੋ ਰਹੀਹੈ। ਪੰਜ ਕਿਸਾਨ ਜਥੇਬੰਦੀਆਂ ਨੇ ਮਿਲ ਕੇ 23 ਮਾਰਚ 2001 ਨੂੰ ਜੋ ਇਤਿਹਾਸਕ ਜਿੱਤ ਹਾਸਲ ਕੀਤੀ ਹੈ, ਉਸ ਦੇ ਮੱਦੇਨਜ਼ਰ ਖੇਤ ਮਜ਼ਦੂਰਾਂ ਦਾ ਇਕ ਸਾਂਝੇ ਪਲੇਟਫਾਰਮ 'ਤੇ ਇਕੱਠੇ ਹੋਣਾ ਇਕ ਬੜੀ ਹੀ ਮਹੱਤਤਾ ਵਾਲੀ ਗੱਲ ਹੈ। ਖੇਤ ਮਜ਼ਦੂਰਾਂ ਨੇ ਮਿਲ ਕੇ ਚੱਲਣ ਅਤੇ ਸੰਘਰਸ਼ ਕਰਨ ਦਾ ਜੋ ਇਰਾਦਾ ਬਣਾਇਆ ਹੈ ਤਾਂ ਇਹ ਸਮੁੱਚੇ ਪੰਜਾਬ ਲਈ ਇਕ ਸੁ ਭ ਸ਼ਗਨ ਹੈ। ਇਹਦਾ ਸਵਾਗਤ ਕਰਨਾ ਬਣਦਾ ਹੈ।

ਪੰਜਾਬ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਇਕ ਪਿਛਾਕੜ ਦ੍ਰਿਸ਼ ਜੋ ਦੇਖਣ ਨੂੰ ਮਿਲਦਾ ਹੈ, ਉਹ 12500 ਪਿੰਡਾਂ ਦੇ ਬਾਹਰ ਮਜ਼ਦੂਰਾਂ ਦੇ ਵਿਹੜੇ ਅਤੇ 95 ਕਸਬਿਆਂ ਅਤੇ ਸ਼ਹਿਰਾਂ ਦੇ ਬਾਹਰਵਾਰ ਮਜ਼ਦੂਰ ਬਸਤੀਆਂ ਹਨ। ਨੰਗੇ-ਧੜੰਗੇ ਬੱਚੇ ਰੂੜੀਆਂ ਦੇ ਢੇਰਾਂ 'ਤੇ, ਗੰਦੇ ਨਾਲਿਆਂ ਦੇ ਕੰਢਿਆਂ 'ਤੇ ਖੇਡਦੇ ਦਿੱਸਦੇ ਹਨ। ਜੀਣ ਦੀ ਕੋਈ ਆਧੁਨਿਕ ਸਹੂਲਤ ਇਨ੍ਹਾਂ ਨੂੰ ਮੁਹੱਈਆ ਨਹੀਂ। ਕੋਈ ਅਹਿਸਾਸ ਨਾ ਕਰੇ ਤਾਂ ਵੱਖਰੀ ਗੱਲ ਹੈ, ਪਰ ਸਮੁੱਚੇ ਭਾਈਚਾਰੇ ਲਈ ਇਹ ਬੜੀ ਹੀ ਸ਼ਰਮਨਾਕ ਗੱਲ ਹੈ। ਮਨੁੱਖ ਜਦੋਂ ਚੰਨ 'ਤੇ ਪੁੱਜ ਗਿਆ ਹੈ, ਦੇਸ਼ ਵਿਚ ਜਾਂ ਪੰਜਾਬ ਵਿਚ ਵੀ ਐਟਮੀ ਬਿਜਲੀ ਘਰ ਬਣਨ ਦੀਆਂ ਤਜਵੀਜ਼ਾਂ ਹੋਣ ਤਾਂ ਮਜ਼ਦੂਰ ਇਸ ਨਰਕੀ ਹਾਲਤ ਵਿਚ ਜੀਂਦੇ ਹੋਣ, ਇਹ ਬਰਦਾਸ਼ਤ ਤੋਂ ਬਾਹਰ ਦੀ ਗੱਲ ਹੈ।

ਖੇਤ ਮਜ਼ਦੂਰਾਂ ਦੀਆਂ ਆਰਥਿਕ ਅਤੇ ਰਾਜਸੀ ਮੰਗਾਂ ਹਨ। ਅੱਜ ਦੇ ਸਮੇਂ ਵਿਚ ਇਹ ਜਾਇਜ਼ ਮੰਗਾਂ ਹਨ। ਅੱਜ ਦੇ ਸਮੇਂ ਵਿਚ ਇਹ ਜਾਇਜ਼ ਮੰਗਾਂ ਹਨ। ਘੱਟੋ-ਘੱਟ ਮੈਂਬਰ ਨੂੰ ਪੱਕੇ ਕੰਮ ਦੀ ਗਰੰਟੀ, ਬੇਰੁਜ਼ਗਾਰੀ ਦੀ ਮਾਰ ਹੇਠ ਆਏ ਪਰਿਵਾਰਾਂ ਨੂੰ 1000 ਰੁਪਏ ਬੇਰੁਜ਼ਗਾਰੀ ਭੱਤਾ, ਮਜ਼ਦੂਰਾਂ ਨੂੰ ਘਰੇਲੂ ਬਿਜਲੀ ਦੀ ਮੁਫ਼ਤ ਸਹੂਲਤ, ਕੰਮ ਦੌਰਾਨ ਮਰੇ ਮਜ਼ਦੂਰ ਦੇ ਪਰਿਵਾਰ ਨੂੰ ਮਿਲਣ ਵਾਲੇ 15000 ਰੁਪਏ ਦੀ ਥਾਂ 2 ਲੱਖ ਰੁਪਏ ਦੇ ਮੁਆਵਜ਼ਾ, ਬੁਢਾਪਾ ਅਤੇ ਵਿਧਵਾ ਪੈਨਸ਼ਨ ਘੱਟ ਤੋਂ ਘੱਟ 500 ਰੁਪਏ ਮਜ਼ਦੂਰਾਂ ਦੇ ਬੱਚਿਆਂ ਨੂੰ ਮੁੱਢਲੀ ਵਿੱਦਿਆ ਤੋਂ ਲੈ ਕੇ ਉਚਤਮ ਵਿੱਦਿਆ ਮੁਫ਼ਤ, ਜ਼ਮੀਨ ਹੱਦਬੰਦੀ ਕਾਨੂੰਨ ਅਨੁਸਾਰ ਨਿਕਲਦੀ ਵਾਧੂ ਅਤੇ ਸਰਕਾਰੀ ਜ਼ਮੀਨ ਬੇਜ਼ਮੀਨੇ ਵਾਹੀਕਾਰਾਂ 'ਚ ਵੰਡਣ, ਸਸਤੇ ਰਾਸ਼ਨ ਦੇ ਡਿਪੂ ਖੋਲ੍ਹਣ ਆਦਿਕ ਦੀਆਂ ਮੰਗਾਂ ਲਈ ਸਮੇਂ ਦੀ ਸਰਕਾਰ ਦਾ ਧਿਆਨ ਖਿੱਚਣ ਲਈ ਸੰਘਰਸ਼ ਤਾਂ ਕਰਨੇ ਹੀ ਪੈਣੇ ਹਨ। ਪਰ ਇਹਦੇ ਨਾਲ ਹੁਣ ਵੱਡੀ ਮਹੱਤਤਾ ਵਾਲੀ ਮੰਗ ਜੀਣ ਦੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰਨ ਦੀ ਮੰਗ ਜੁੜਦੀ ਹੈ।

> 'ਵੱਡੇ ਲੋਕਾਂ ਦੇ ਫ਼ਿਕਰ ਹੋਰ ਹਨ। ਉਨ੍ਹਾਂ ਦੇ ਸ਼ੌਕ ਹੋਰ ਹਨ। ਉਹ ਫੈਸ਼ਨ ਸ਼ੋਅ ਦੀ ਗੱਲ ਕਰਨਗੇ। ਕਲੱਬਾਂ ਵਿਚ ਨਾਚ ਗਾਣੇ ਦੀ ਗੱਲ ਕਰਨਗੇ। 140 ਕਿਸਮ ਦੇ ਮੀਟ ਬਣਾਉਣ ਦੇ ਨੁਸਖਿਆਂ ਦੀ ਗੱਲ ਕਰਨਗੇ। ਉਨ੍ਹਾਂ ਨੂੰ ਕਰਨ ਦਿਓ। ਮਿਹਨਤ ਕਰਨ ਵਾਲੇ ਲੋਕ ਇਕੋ ਤੇ ਇਕੋ ਫ਼ਿਕਰ ਤੇ ਆਪਣੀ ਸ਼ਕਤੀ ਕੇਂਦਰਤ ਕਰਨ ਕਿ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਵਾਲੀ ਰਹਿਣੀ-ਬਹਿਣੀ ਮਿਲੇ।'

ਸਮੁੱਚੇ ਪੰਜਾਬ ਦੇ ਹਿੱਤ ਵਿਚ ਇਹ ਹੈ ਕਿ ਸਾਡਾ ਇਹ ਮਜ਼ਦੂਰ ਵਰਗ, ਜਿਹੜਾ ਸਮਾਜ ਦਾ ਸਾਰਿਆਂ ਨਾਲੋਂ ਵੱਧ ਮਿਹਨਤ ਕਰਨ ਵਾਲਾ ਵਰਗ ਹੈ, ਉਹਨੂੰ ਇਹ ਸਹੂਲਤਾਂ ਦਿੱਤੀਆਂ ਜਾਣ। ਚੰਡੀਗੜ੍ਹ ਬੜਾ ਸੋਹਣਾ ਸ਼ਹਿਰ ਹੈ, ਪਰ ਉਹਨੂੰ ਸੋਹਣਾ ਬਣਾਉਣ ਵਿਚ ਮਿਹਨਤ ਕੀਹਦੀ ਲੱਗੀ ਹੋਈ ਹੈ? ਲੇਬਰ ਚੌਕਾਂ 'ਤੇ ਬੈਠੇ ਮਜ਼ਦੂਰਾਂ ਦੀ ਲੱਗੀ ਹੋਈ ਹੈ; ਜਿਹੜੇ ਦਿਹਾੜੀ ਕਰਨ ਲਈ ਬੈਠੇ ਹਨ। ਉਨ੍ਹਾਂ ਨੇ ਹੀ ਉਸਾਰੀ ਦਾ ਸਾਰਾ ਕੰਮ ਕਰਨਾ ਹੈ। ਰੋਜ਼ ਗਾਰਡਨ ਦੀ ਖ਼ੂਬਸੂਰਤੀ ਤਾਂ ਹੀ ਹੈ ਕਿ ਉਥੇ ਮਾਲੀਆਂ ਨੇ ਮਿਹਨਤ ਕੀਤੀ ਹੈ। ਵਧੀਆ ਤੋਂ ਵਧੀਆ ਸੜਥਾਂ ਤਾਂ ਹੀ ਹਨ ਕਿ ਮਜ਼ਦੂਰਾਂ ਨੇ ਦਿਨ-ਰਾਤ ਮਿਹਨਤ ਕੀਤੀ ਹੈ ਤਾਂ ਖੇਤ ਮਜ਼ਦੂਰਾਂ ਨੇ ਉਸ ਮਿਹਨਤ ਵਿਚ ਵੱਡਾ ਹਿੱਸਾ ਪਾਇਆ ਹੈ। ਪਰ ਅਸੀਂ ਉਨ੍ਹਾਂ ਲਈ ਕੀ ਕੀਤਾ ਹੈ? ਪਿੰਡਾਂ ਵਿਚ ਕੋਠੀਆਂ ਵੀ ਉਸਰ ਜਾਂਦੀਆਂ ਹਨ। ਮਕਾਨ ਪੱਕੇ ਹੋ ਗਏ ਹਨ ਪਰ ਵਿਹੜਿਆਂ ਦੀ ਹਾਲਤ ਉਥੇ ਦੀ ਉਥੇ ਹੀ ਰਹੀ ਹੈ। ਕੀ ਇਹ ਸਭ ਕੁਝ ਬਰਦਾਸ਼ਤ ਹੁੰਦਾ ਰਹੇਗਾ?

ਹੁਣ ਇਹ ਸਵਾਲ ਏਜੰਡਾ 'ਤੇ ਆ ਗਿਆ ਹੈ। ਰਹਿਣੀ-ਸਹਿਣੀ ਦਾ ਫ਼ਰਕ ਇਕ ਚਿੱਟੀ ਨੰਗੀ ਸਚਾਈ ਹੈ। ਜਿਹੜੇ ਆਪ ਕੁਝ ਨਹੀਂ ਕਰਦੇ, ਜ਼ਿੰਦਗੀ ਦੀ ਸਾਰੀ ਅਯਾਸ਼ੀ ਉਨ੍ਹਾਂ ਦੇ ਹਿੱਸੇ ਅਤੇ ਜੋ ਦਿਨ-ਰਾਤ ਮਿਹਨਤ ਕਰਦੇ ਹਨ, ਉਨ੍ਹਾਂ ਦੇ ਹਿੱਸੇ ਰੂੜੀਆਂ ਦੇ ਢੇਰ ਹੀ ਰਹਿ ਜਾਣ। ਵਿੱਦਿਆ ਦਾ ਸਿਸਟਮ ਢਹਿਢੇਰੀ ਹੋ ਜਾਏ ਤਾਂ ਇਹਦਾ ਸਾਰਾ ਖਮਿਆਜ਼ਾ ਗ਼ਰੀਬਾਂ ਦੇ ਬੱਚੇ ਹੀ ਭੁਗਤਣ। ਅਮੀਰਾਂ ਦੇ ਬੱਚੇ ਵੱਧ ਫ਼ੀਸਾਂ ਦੇ ਕੇ ਪਬਲਿਕ ਸਕੂਲਾਂ ਵਿਚ ਪੜ੍ਹਦੇ ਰਹਿਣ, ਗ਼ਰੀਬਾਂ ਦੇ ਬੱਚੇ ਬਗੈਰ ਮਾਸਟਰ ਵਾਲੇ ਸਕੂਲ ਵਿਚ ਰੁਲਦੇ ਰਹਿਣ। ਕਿਉਂ ਨਾ ਹੁਣ ਇਹ ਮੰਗ ਉਠੇ, ਜੇ ਸਾਡੇ ਸਕੂਲਾਂ ਵਿਚ ਬਰਾਬਰ ਦੀ ਪੜ੍ਹਾਈ ਦਾ ਬੰਦੋਬਸਤ ਨਹੀਂ ਤਾਂ ਅਸੀਂ ਕੋਈ ਹੋਰ ਸਕੂਲ ਵੀ ਨਹੀਂ ਚੱਲਣ ਦੇਵਾਂਗੇ। ਬੜੀ ਗੜਬੜ ਹੋਵੇਗੀ। ਹੋਣ ਦੇਵੋ ਤਾਂ ਹੀ ਕੁਝ ਹੋਵੇਗਾ।

ਵੱਡੇ ਲੋਕਾਂ ਦੇ ਫ਼ਿਕਰ ਹੋਰ ਹਨ। ਉਨ੍ਹਾਂ ਦੇ ਸ਼ੌਕ ਹੋਰ ਹਨ। ਉਹ ਫੈਸ਼ਨ ਸ਼ੋਅ ਦੀ ਗੱਲ ਕਰਨਗੇ। ਕਲੱਬਾਂ ਵਿਚ ਨਾਚ ਗਾਣੇ ਦੀ ਗੱਲ ਕਰਨਗੇ। 140 ਕਿਸਮ ਦੇ ਮੀਟ ਬਣਾਉਣ ਦੇ ਨੁਸਖਿਆਂ ਦੀ ਗੱਲ ਕਰਨਗੇ। ਉਨ੍ਹਾਂ ਨੂੰ ਕਰਨ ਦਿਓ। ਮਿਹਨਤ ਕਰਨ ਵਾਲੇ ਲੋਕ ਇਕੋ ਤੇ ਇਕੋ ਫ਼ਿਕਰ ਤੇ ਆਪਣੀ ਸ਼ਕਤੀ ਕੇਂਦਰਤ ਕਰਨ ਕਿ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਵਾਲੀ ਰਹਿਣੀ-ਬਹਿਣੀ ਮਿਲੇ। ਉਨ੍ਹਾਂ ਲਈ ਆਧੁਨਿਕ ਸਹੂਲਤਾਂ ਵਾਲੀਆਂ ਕਲੋਨੀਆਂ ਬਣਨ। ਉਨ੍ਹਾਂ ਦੇ ਬੱਚਿਆਂ ਨੂੰ ਬਰਾਬਰ ਦੀ ਪੜ੍ਹਾਈ ਮਿਲੇ। 25 ਮਈ 2001 ਦਾ ਦਿਨ, ਜਦੋਂ ਮਜ਼ਦੂਰ ਜਥੇਬੰਦੀਆਂ ਦੇਸ਼ ਭਗਤ ਯਾਦਗਾਰ ਹਾਲ ਵਿਚ ਜੁੜਨਗੀਆਂ, ਇਕ ਇਤਿਹਾਸਕ ਦਿਨ ਹੋਣ ਦੀ ਸੰਭਾਵਨਾ ਵੀ ਅਤੇ ਮਹੱਤਤਾ ਵੀ ਰੱਖਦਾ ਹੈ। ਇਹ ਸਮੇਂ ਦੀ ਵੱਡੀ ਮੰਗ ਹੈ।